4. **ਕੀ ਸਾਰੇ ਨੇਤਰਹੀਣ ਲੋਕਾਂ ਨੂੰ ਕੋਰਨੀਆ ਬਦਲੀ ਤੋਂ ਫਾਇਦਾ ਹੋ ਸਕਦਾ ਹੈ?**
   ਨਹੀਂ, ਸਿਰਫ ਉਨ੍ਹਾਂ ਨੂੰ ਹੀ ਫਾਇਦਾ ਹੋ ਸਕਦਾ ਹੈ ਜਿਨ੍ਹਾਂ ਦਾ ਕੋਰਨੀਆ ਖਰਾਬ ਹੋਇਆ ਹੁੰਦਾ ਹੈ।

5. **ਕੀ ਐਨਕਾਂ ਲਾਉਣ ਵਾਲੇ, ਮੋਤੀਏ ਵਾਲੇ ਜਾਂ ਗਲੂਕੋਮਾ ਵਾਲੇ ਮਰੀਜ਼ ਦਾਨ ਦੇ ਸਕਦੇ ਹਨ?**
   ਹਾਂ। ਇੱਥੋਂ ਤੱਕ ਕਿ ਸਿਹਤਮੰਦ ਕੋਰਨੀਆ ਵਾਲੇ ਪੂਰੀ ਤਰ੍ਹਾਂ ਨੇਤਰਹੀਣ ਲੋਕ ਵੀ ਆਪਣੀਆਂ ਅੱਖਾਂ ਦਾਨ ਦੇ ਸਕਦੇ ਹਨ। ਮਾੜੀ ਨਿਗ੍ਹਾ ਅਤੇ ਦਾਨੀ ਬਣਨ ਦੇ ਯੋਗ ਹੋਣ ਵਿਚਕਾਰ ਕੋਈ ਸਬੰਧ ਨਹੀਂ ਹੈ।

6. **ਕੀ ਕੈਂਸਰ ਦੇ ਮਰੀਜ਼ ਵੀ ਆਪਣੀਆਂ ਅੱਖਾਂ ਦਾਨ ਦੇ ਸਕਦੇ ਹਨ?**
   ਹਾਂ, ਕੈਂਸਰ ਦੇ ਬਹੁਤੇ ਮਰੀਜ਼ ਅੱਖਾਂ ਦਾਨ ਦੇ ਸਕਦੇ ਹਨ। ਲੂਕੀਮੀਆ, ਲਿੰਫੋਮਾ ਜਾਂ ਅੱਖ ਦੀ ਕੈਂਸਰ ਵਾਲੇ ਮਰੀਜ਼ ਦਾਨ ਦੇਣ ਦੇ ਯੋਗ ਨਹੀਂ ਹਨ।

## *ਨੇਤਰ ਪ੍ਰਾਪਤ ਕਰਨ ਵਾਲੀ ਇਕ ਔਰਤ ਦੀ ਕਹਾਣੀ...*

ਹੈਦਰ ਨਾਂ ਦੀ 23 ਸਾਲ ਦੀ ਇਕ ਔਰਤ ਨੇ ਅਜੇ 4 ਸਾਲ ਦੇ ਨਰਸਿੰਗ ਪ੍ਰੋਗਰਾਮ ਦੀ ਗਰੈਜੂਏਸ਼ਨ ਕੀਤੀ ਹੀ ਸੀ ਕਿ ਅੱਖਾਂ ਦੀ ਇਕ ਪੁਰਾਣੀ ਬੀਮਾਰੀ ਨੇ ਉਸ ਦੀ ਨਿਗ੍ਹਾ ਇਸ ਹੱਦ ਤੱਕ ਘਟਾ ਦਿੱਤੀ ਕਿ ਉਹ ਹੁਣ ਕਾਰ ਨਹੀਂ ਚਲਾ ਸਕਦੀ ਸੀ, ਬੱਸ ਦੇ ਨੰਬਰ ਨਹੀਂ ਪੜ੍ਹ ਸਕਦੀ ਸੀ ਜਾਂ ਆਪਣੀ ਨੌਕਰੀ 'ਤੇ ਕੰਮ ਨਹੀਂ ਕਰ ਸਕਦੀ ਸੀ। ਆਪਣਾ ਕੋਰਨੀਆ ਬਦਲੇ ਜਾਣ ਤੋਂ ਬਾਅਦ ਉਸ ਨੇ ਕਿਹਾ, *"ਜਦੋਂ ਪੱਟੀ ਲੱਥੀ ਤਾਂ ਮੈਂ ਕਮਰੇ ਵਿਚਲੀ ਕੰਧ ਦੇਖ ਸਕਦੀ ਸੀ। ਮੈਂ ਇਹ ਦੇਖ ਸਕਦੀ ਸੀ ਕਿ ਮੇਜ਼ ਉਪਰ ਕੀ ਪਿਆ ਹੈ। ਮੈਂ ਅਜਿਹਾ ਪਹਿਲਾਂ ਨਹੀਂ ਸੀ ਕਰ ਸਕਦੀ। **ਮੇਰੇ ਮੂੰਹੋਂ ਨਿਕਲਿਆ, ਵਾਹ!!**"*

*"ਪਰੇਸ਼ਾਨੀ ਵਾਲੀ ਚੀਜ਼ ਇਹ ਹੈ ਕਿ ਤੁਹਾਨੂੰ ਇਹ ਪਤਾ ਨਹੀਂ ਹੁੰਦਾ ਕਿ ਤੁਸੀਂ ਧੰਨਵਾਦ ਕਿਵੇਂ ਕਹਿਣਾ ਹੈ। ਤੁਸੀਂ ਉਨ੍ਹਾਂ ਲੋਕਾਂ ਨੂੰ ਜਾਣਦੇ ਨਹੀਂ ਹੁੰਦੇ ਜਿਨ੍ਹਾਂ ਨੇ ਇਹ ਸੰਭਵ ਬਣਾਇਆ। ਤੁਸੀਂ ਚਾਹੁੰਦੇ ਹੋ ਕਿ ਤੁਸੀਂ ਉਨ੍ਹਾਂ ਨੂੰ ਇਹ ਦੱਸ ਸਕੋ ਕਿ ਉਨ੍ਹਾਂ ਨੇ ਕਿਸੇ ਦੀ ਮੌਤ ਵਿੱਚੋਂ ਕੋਈ ਚੀਜ਼ ਚੰਗੀ ਕੀਤੀ ਹੈ। ਉਨ੍ਹਾਂ ਨੇ ਮੈਨੂੰ ਮੇਰਾ ਕੰਮ ਵਾਪਸ ਦੇ ਦਿੱਤਾ। **ਉਨ੍ਹਾਂ ਨੇ ਮੈਨੂੰ ਜ਼ਿੰਦਗੀ ਦਿੱਤੀ।**"*

**ਧੰਨਵਾਦ**


**ਆਈ ਬੈਂਕ ਆਫ਼ ਬ੍ਰਿਟਿਸ਼ ਕੋਲੰਬੀਆ**

**Eye Bank of British Columbia**
855 W. 12th Ave.
JPPN – B205
Vancouver BC V5Z 1M9
ਟੈਲੀਫੋਨ: 604-875-4567
ਟੋਲ ਫਰੀ (ਬੀ ਸੀ ਵਿਚ): 1-800-667-2060
ਫੈਕਸ: 604-875-5316
ਵੈੱਬਸਾਈਟ: www.eyebankofbc.com
ਈਮੇਲ: eyebankofbc@vch.ca
ਫੇਸਬੁੱਕ: http://www.facebook.com/EyeBankBC



ਹੋਰ ਕਾਪੀਆਂ ਲੈਣ ਲਈ **http://vch.eduhealth.ca** ਵੈੱਬਸਾਈਟ 'ਤੇ ਜਾਉ ਜਾਂ **phem@vch.ca** 'ਤੇ ਈਮੇਲ ਕਰੋ ਅਤੇ ਕੈਟਾਲੌਗ ਨੰਬਰ **GV.315.Ey311.PU** ਦਾ ਹਵਾਲਾ ਦਿਉ।


ਕਾਪੀਰਾਈਟ: ਵੈਨਕੂਵਰ ਕੋਸਟਲ ਹੈਲਥ, ਸਤੰਬਰ 2011


www.vch.ca

**Punjabi**

EYE BANK OF BRITISH COLUMBIA

# ਨੇਤਰਾਂ ਦਾ ਤੋਹਫਾ

## *Gift of Sight*



## ਜਾਣ-ਪਛਾਣ

ਬ੍ਰਿਟਿਸ਼ ਕੋਲੰਬੀਆ ਵਿਚ ਅਸੀਂ ਪਰਿਵਾਰਾਂ ਨੂੰ ਆਪਣੇ ਪਿਆਰਿਆਂ ਦੇ ਅੰਗ ਅਤੇ ਟਿਸ਼ੂ ਦਾਨ ਕਰਨ ਦਾ ਮੌਕਾ ਦਿੰਦੇ ਹਾਂ। ਆਈ ਬੈਂਕ ਆਫ਼ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਇਕ ਸੰਸਥਾ ਹੈ ਜੋ ਅੱਖਾਂ ਦੇ ਟਿਸ਼ੂ ਬਦਲਣ (ਟ੍ਰਾਂਸਪਲਾਂਟ), ਸਿਖਿਆ ਅਤੇ ਖੋਜ ਦੇ ਮੰਤਵ ਲਈ ਦੇਣ ਲਈ ਜ਼ਿੰਮੇਵਾਰ ਹੈ।

ਅੱਖਾਂ ਦੇ ਦੋ ਹਿੱਸੇ ਹਨ ਜਿਹੜੇ ਕਿ ਬਦਲੇ ਜਾ ਸਕਦੇ ਹਨ। ਇਹ ਹਨ ਕੋਰਨੀਆ (ਅੱਖਾਂ ਦਾ ਚਿੱਟਾ ਪਰਦਾ) ਅਤੇ ਸਕਲੀਰਾ (ਅੱਖ ਦਾ ਸਫੈਦ ਹਿੱਸਾ)। ਕੋਰਨੀਆ ਅੱਖ ਦਾ ਸਾਹਮਣੇ ਦਾ ਹਿੱਸਾ ਹੈ ਜਿਹੜਾ ਸਿਹਤਮੰਦ ਹੋਣ 'ਤੇ ਸਾਫ਼ ਦਿਖਾਈ ਦਿੰਦਾ ਹੈ। ਕੁਝ ਹਾਲਤਾਂ ਕੋਰਨੀਆਂ ਦੀ ਨਿਰਮਲਤਾ 'ਤੇ ਅਸਰ ਪਾਉਂਦੀਆਂ ਹਨ ਅਤੇ ਨਿਗ੍ਹਾ ਨੂੰ ਸੀਮਤ ਕਰਦੀਆਂ ਹਨ। ਕੋਰਨੀਆ ਦੀ ਕਾਮਯਾਬੀ ਨਾਲ ਬਦਲੀ ਨਾਟਕੀ ਢੰਗ ਨਾਲ ਅੱਖਾਂ ਦੀ ਰੌਸ਼ਨੀ ਵਾਪਸ ਲਿਆ ਸਕਦੀ ਹੈ। ਸਕਲੀਰਾ ਅੱਖ ਦਾ ਸਫੈਦ ਹਿੱਸਾ ਹੈ। ਇਹ ਵੱਖ ਵੱਖ ਅਪਰੇਸ਼ਨਾਂ ਵਿਚ ਵਰਤਿਆ ਜਾਂਦਾ ਹੈ।

ਆਈ ਬੈਂਕ 2-75 ਸਾਲ ਦੇ ਵਿਚਕਾਰ ਦੀ ਉਮਰ ਦੇ ਦਾਨੀਆਂ ਤੋਂ ਟਿਸ਼ੂ ਲੈਣ ਦੇ ਯੋਗ ਹੈ। ਇਹ ਗੱਲ ਨੋਟ ਕਰਨਾ ਜ਼ਰੂਰੀ ਹੈ ਕਿ ਟਿਸ਼ੂ ਮਰੀਜ਼ ਦੀ ਮੌਤ ਤੋਂ ਬਾਅਦ 8 ਘੰਟਿਆਂ ਦੇ ਵਿਚ ਵਿਚ ਲਿਆ ਜਾਣਾ ਜ਼ਰੂਰੀ ਹੈ।

ਇਕ ਅੱਖ ਦਾਨ ਦੇਣ ਦੇ ਫਾਇਦੇ ਇਹ ਹਨ:

- 2 ਵਿਅਕਤੀਆਂ ਤੱਕ ਦਾ ਕੋਰਨੀਆ ਬਦਲਿਆ ਜਾ ਸਕਦਾ ਹੈ
- 6 ਵਿਅਕਤੀਆਂ ਤੱਕ ਦੇ ਸਫੈਦ ਹਿੱਸਾ ਲਾਇਆ ਜਾ ਸਕਦਾ ਹੈ

ਬ੍ਰਿਟਿਸ਼ ਕੋਲੰਬੀਆ ਵਿਚ ਅੱਜ ਸਾਰੀਆਂ ਉਮਰਾਂ ਅਤੇ ਜ਼ਿੰਦਗੀ ਦੇ ਹਰ ਖੇਤਰ ਦੇ ਤਰੀਕਬਨ 400 ਲੋਕ ਕੋਰਨੀਆ ਬਦਲੀ (ਟ੍ਰਾਂਸਪਲਾਂਟ) ਦੀ ਉਡੀਕ ਕਰ ਰਹੇ ਹਨ।




## ਮੈਂ ਮਦਦ ਕਿਵੇਂ ਕਰ ਸਕਦਾ/ ਸਕਦੀ ਹਾਂ?

- ਅੱਖ ਦਾਨੀ ਬਣਨ ਬਾਰੇ ਵਿਚਾਰ ਕਰੋ। ਆਪਣੀ ਇੱਛਾ ਬਾਰੇ ਆਪਣੇ ਪਰਿਵਾਰ ਨਾਲ ਗੱਲ ਕਰੋ ਤਾਂ ਜੋ ਸਮਾਂ ਆਉਣ 'ਤੇ ਉਹ ਤੁਹਾਡੇ ਫੈਸਲੇ ਦੀ ਪਾਲਣਾ ਕਰ ਸਕਣ।

- ਓਰਗਨ ਡੋਨਰ ਰਜਿਸਟਰੀ ਨਾਲ ਅੰਗ ਦਾਨ ਕਰਨ ਲਈ ਰਜਿਸਟਰ ਹੋਵੋ। ਜ਼ਿਆਦਾ ਜਾਣਕਾਰੀ ਲਈ ਬੀ ਸੀ ਟ੍ਰਾਂਸਪਲਾਂਟ ਸੁਸਾਇਟੀ ਨਾਲ 604-877-2240 'ਤੇ ਜਾਂ www.transplant.bc.ca 'ਤੇ ਸੰਪਰਕ ਕਰੋ।

- ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਬੀ ਸੀ ਡਰਾਈਵਰਜ਼ ਲਾਇਸੰਸ ਜਾਂ ਬੀ ਸੀ ਕੇਅਰ ਕਾਰਡ 'ਤੇ ਸਟਿੱਕਰ ਲਾਉਣਾ ਹੀ ਕਾਫੀ ਨਹੀਂ ਹੈ।

- ਮਾਇਆ ਦਾਨ ਦੇਣ ਬਾਰੇ ਵਿਚਾਰ ਕਰੋ। ਤੁਸੀਂ ਵੀ ਜੀ ਐੱਚ ਅਤੇ ਯੂ ਬੀ ਸੀ ਹੌਸਪੀਟਲ ਫਾਊਂਡੇਸ਼ਨ ਰਾਹੀਂ ਦਾਨ ਦੇ ਸਕਦੇ ਹੋ।
  ਜ਼ਿਆਦਾ ਜਾਣਕਾਰੀ ਲਈ ਉਨ੍ਹਾਂ ਨਾਲ 604-875-4676 'ਤੇ ਸੰਪਰਕ ਕਰੋ।

## ਅਕਸਰ ਪੁੱਛੇ ਜਾਂਦੇ ਸਵਾਲ

1. **ਕੀ ਸਾਰੀ ਅੱਖ ਬਦਲੀ ਜਾਂਦੀ ਹੈ?**
   ਨਹੀਂ, ਅੱਖ ਦਾ ਸਾਹਮਣੇ ਵਾਲਾ ਸਾਫ ਹਿੱਸਾ (ਕੋਰਨੀਆ) ਅਤੇ/ਜਾਂ ਅੱਖ ਦਾ ਚਿੱਟਾ ਹਿੱਸਾ (ਸਕਲੀਰਾ) ਹੀ ਅੱਖ ਬਦਲੀ ਲਈ ਵਰਤਿਆ ਜਾਂਦਾ ਹੈ। ਜੇ ਤੁਸੀਂ ਆਪਣੀ ਸਹਿਮਤੀ ਦੇਵੋ ਤਾਂ ਅੱਖ ਦਾ ਬਾਕੀ ਹਿੱਸਾ ਖੋਜ ਲਈ ਵਰਤਿਆ ਜਾ ਸਕਦਾ ਹੈ। ਇਸ ਨਾਲ ਭਵਿੱਖ ਵਿਚ ਅੱਖਾਂ ਦੀਆਂ ਬੀਮਾਰੀਆਂ ਦੇ ਇਲਾਜ ਵਿਚ ਮਦਦ ਹੋ ਸਕਦੀ ਹੈ।

2. **ਕੀ ਵਿਅਕਤੀ ਦਾ ਸੰਸਕਾਰ ਬਕਸਾ ਖੁੱਲ੍ਹਾ ਰੱਖ ਕੇ ਕੀਤਾ ਜਾ ਸਕਦਾ ਹੈ?**
   ਹਾਂ। ਤੁਹਾਨੂੰ ਇਹ ਨਹੀਂ ਪਤਾ ਲੱਗਦਾ ਕਿ ਅੱਖ ਦਾਨ ਕੀਤੀ ਗਈ ਹੈ। ਕਦੇ ਕਦੇ ਥੋੜ੍ਹੀ ਜਿਹੀ ਝਰੀਟ ਜਾਂ ਸੋਜ ਹੋ ਸਕਦੀ ਹੈ। ਆਮ ਤੌਰ 'ਤੇ ਦਾਨ ਦੇਣ ਤੋਂ ਬਾਅਦ ਕੋਈ ਵੀ ਨਿਸ਼ਾਨੀ ਦਿਖਾਈ ਨਹੀਂ ਦਿੰਦੀ।

3. **ਕੀ ਪਰਿਵਾਰ ਨੂੰ ਇਹ ਦੱਸਿਆ ਜਾਂਦਾ ਹੈ ਕਿ ਅੱਖ ਦਾ ਟਿਸ਼ੂ ਕਿਸ ਨੂੰ ਦਿੱਤਾ ਜਾਣਾ ਹੈ?**
   ਨਹੀਂ। ਪਰਿਵਾਰ ਨੂੰ ਇਕ ਧੰਨਵਾਦ ਦੀ ਚਿੱਠੀ ਭੇਜੀ ਜਾਂਦੀ ਹੈ। ਮੌਜੂਦਾ ਕਾਨੂੰਨਾਂ ਅਧੀਨ ਦਾਨੀ ਅਤੇ ਦਾਨ ਪ੍ਰਾਪਤ ਕਰਨ ਵਾਲਿਆਂ ਦੀ ਪਛਾਣ ਗੁਪਤ ਰੱਖੀ ਜਾਂਦੀ ਹੈ।